## ਦਸੰਬਰ - ਜਨਵਰੀ ( ਪਾਠ – ਕ੍ਰਮ )

## ਜਮਾਤ –ਅੱਠਵੀਂ ਵਿਸ਼ਾ - ਪੰਜਾਬੀ

## ਪਾਠ -26 ਗੱਗੂ ( ਕਹਾਣੀ ) ਕੋਮਲ ਸਿੰਘ

ਤਿਆਰ ਕਰਤਾ - ਸ਼ੈਲਜਾ ਕੁਮਾਰੀ (ਪੰਜਾਬੀ ਮਿਸਟ੍ਰੈੱਸ ) ਸਰਕਾਰੀ ਹਾਈ ਸਕੂਲ ਸਾਹੋਵਾਲ

( ਜ਼ਿਲ੍ਹਾ ਗੁਰਦਾਸਪੁਰ )

### 1) ਪ੍ਰਸ਼ਨਾਂ ਦੇ ਉੱਤਰ ਦਿਓ :-

**ਪ੍ਰਸ਼ਨ 1. ਮੱਝ ਦਾ ਕੱਟਾ ਕਿਹੋ- ਜਿਹਾ ਸੀ ?**

ਉੱਤਰ :- ਮੱਝ ਦਾ ਕੱਟਾ ਪੰਜ- ਕਲਿਆਣਾ ਸੀ । ਉਸ ਦਾ ਰੰਗ ਸ਼ਾਹ ਕਾਲਾ ਸੀ ਪਰ ਉਸ ਦੇ ਖੁਰਾਂ ਵੱਲੋਂ ਲੱਤਾਂ ਦਾ ਕੁੱਝ ਹਿੱਸਾ ਤੇ ਪੂਛ ਦਾ ਕੱਝ ਹਿੱਸਾ ਚਿੱਟਾ ਸੀ ਅਤੇ ਮੱਥੇ ਵਿੱਚ ਚਿੱਟਾ ਫੁੱਲ ਸੀ। ਇਸ ਪ੍ਰਕਾਰ ਉਹ ਬੜਾ ਸੋਹਣਾ ਸੀ ।

**ਪ੍ਰਸ਼ਨ 2. ਮੱਝ ਕੱਟੇ ਨੂੰ ਕਿਵੇਂ ਮਮਤਾ ਵਿਖਾ ਰਹੀ ਸੀ ?**

ਉੱਤਰ :- ਮੱਝ ਕੱਟੇ ਨੂੰ ਬੜੇ ਪਿਆਰ ਨਾਲ ਚੱਟ ਕੇ ਮਮਤਾ ਵਿਖਾ ਰਹੀ ਸੀ। ਉਹ ਉਸ ਦੇ ਮਿੱਟੀ ਨਾਲ ਲਿਬੜੇ ਪਿੰਡੇ ਨੂੰ ਆਪਣੀ ਜੀਭ ਨਾਲ ਸਾਫ਼ ਕਰ ਰਹੀ ਸੀ। ਉਹ ਕਦੇ ਉਸ ਦੀਆਂ ਅੱਖਾਂ, ਕਦੇ ਮੱਥਾ, ਕਦੇ ਕੰਨ ਚੱਟਦੀ ਤੇ ਕਦੇ 'ਪੁੱਚ-ਪੁੱਚ ਕਰਦੀ ਹੋਈ ਉਸ ਦੇ ਸਾਰੇ ਪਿੰਡੇ ਉੱਤੇ ਜੀਭ ਫੇਰਦੀ ਸੀ ।

**ਪ੍ਰਸ਼ਨ 3. ਕਿਹੜੀਆਂ ਗੱਲਾਂ ਤੋਂ ਲੇਖਕ ਅਤੇ ਗੱਗੂ ਦੇ ਪਿਆਰ ਦਾ ਪਤਾ ਲੱਗਦਾ ਹੈ ?**

ਉੱਤਰ :- ਲੇਖਕ ਕਹਿੰਦਾ ਹੈ ਕਿ ਉਸ ਦਾ ਕੱਟੇ ਨੂੰ ਦੇਖਦਿਆਂ ਹੀ ਉਸ ਨਾਲ ਪਿਆਰ ਜਿਹਾ ਹੋ ਗਿਆ ਸੀ। ਉਸ ਨੇ ਉਸ ਦਾ ਨਾਂ ਗੱਗੂ ਰੱਖਿਆ। ਜਦੋਂ ਉਹ ਜ਼ਰਾ ਵੱਡਾ ਹੋਇਆ , ਤਾਂ ਘਰ ਦੇ ਬਾਕੀ ਜੀਆਂ ਦਾ ਗੱਗੂ ਨਾਲ ਪਿਆਰ ਘੱਟ ਗਿਆ । ਪਰ ਲੇਖਕ ਦਾ ਪਿਆਰ ਉਸੇ ਤਰ੍ਹਾਂ ਰਿਹਾ। ਫਿਰ ਜਦੋਂ ਉਸ ਨੂੰ ਪਤਾ ਲੱਗਾ ਕਿ ਉਸ ਦੀ ਮਾਂ ਨੇ ਉਸ ਦਾ ਦੁੱਧ ਛੁਡਵਾ ਦਿੱਤਾ ਹੈ, ਤਾਂ ਉਹ ਉਸ ਨੂੰ ਮੁਨ੍ਹੇਰੇ ਖੋਲ੍ਹ ਕੇ ਘਰਦਿਆਂ ਤੋਂ ਚੋਰੀ ਮਾਂ ਦਾ ਦੁੱਧ ਚੁੰਘਾ ਦਿੰਦਾ ਰਿਹਾ ।

ਜਦੋਂ ਗੱਗੂ ਜ਼ਰਾ ਵੱਡਾ ਹੋਇਆ, ਤਾਂ ਉਹ ਆਪਣੇ ਹੱਥ ਵਿੱਚ ਫੜੀ ਰੋਟੀ ਦਿਖਾ ਕੇ ਤੇ 'ਗੱਗੂ' ਕਹਿ ਕੇ ਆਵਾਜ਼ ਮਾਰਦਾ, ਤਾਂ ਉਹ ਭੱਜਾ ਆਉਂਦਾ ।ਲੇਖਕ ਨੇ ਘਰ ਵਿੱਚ ਥਾਂ- ਥਾਂ ਉਸ ਦਾ ਨਾਂ ਲਿਖਿਆ ਹੁੰਦਾ। ਲੇਖਕ ਜਦੋਂ ਸਕੂਲੋਂ ਆਉਂਦਾ, ਤਾਂ ਗੱਗੂ ਉਸ ਨੂੰ ਬੂਹੇ ਵਿੱਚ ਦੇਖ ਕੇ ਇੱਕ ਵਾਰੀ ਜ਼ਰੂਰ ਅੜਿੰਗਦਾ। ਲੇਖਕ ਬਸਤਾ ਰੱਖ ਕੇ ਉਸਦੇ ਸਿਰ ਅਤੇ ਪਿੰਡੇ ਉੱਤੇ ਹੱਥ ਫੇਰਦਾ ਤੇ ਉਹ ਵੀ ਉਸ ਨਾਲ ਲਾਡੀਆਂ - ਪਾਡੀਆਂ ਕਰਦਾ । ਉਹ ਉਸ ਨੂੰ ਰੱਜ ਕੇ ਪੱਠੇ ਖੁਆ ਕੇ ਖ਼ੁਸ਼ ਹੁੰਦਾ। ਉਹ ਦੋਵੇਂ ਇੱਕ- ਦੂਜੇ ਨੂੰ ਚੁੰਮਦੇ - ਚੱਟਦੇ ਰਹਿੰਦੇ ।

ਫਿਰ ਜਦੋਂ ਲੇਖਕ ਦੇ ਬਾਪੂ ਨੇ ਗੱਗੂ ਨੂੰ ਵੇਚ ਦਿੱਤਾ , ਤਾਂ ਲੇਖਕ ਨੇ ਤਿੰਨ ਦਿਨ ਰੋਟੀ ਨਾ ਖਾਧੀ , ਫਿਰ ਜਦੋਂ ਉਸ ਨੇ ਦੇਖਿਆ ਕਿ ਦਲੀਪਾ ਉਸ ਨੂੰ ਰੇਹੜੀ ਅੱਗੇ ਜੋੜ ਕੇ ਸੋਟੀਆਂ ਮਾਰ ਰਿਹਾ ਹੈ,

ਤਾਂ ਉਸ ਨੇ ਉਸ ਦਾ ਵਿਰੋਧ ਕੀਤਾ । ਇਸ ਸਮੇਂ ਗੱਗੂ ਦਲੀਪੇ ਦੀਆਂ ਸੋਟੀਆਂ ਨਾਲ ਵੀ ਨਾ ਤੁਰਿਆ, ਪਰ ਲੇਖਕ ਦੇ ਕਹਿਣ ਨਾਲ ਹੀ ਉਹ ਉਸ ਦੇ ਘਰ ਵੱਲ ਤੁਰ ਪਿਆ । ਇਨ੍ਹਾਂ ਗੱਲਾਂ ਤੇ ਸਾਨੂੰ ਪਤਾ ਲੱਗਦਾ ਹੈ ਕਿ ਲੇਖਕ ਤੇ ਗੱਗੂ ਦਾ ਆਪਸ ਵਿੱਚ ਬਹੁਤ ਪਿਆਰ ਸੀ ।

**ਪ੍ਰਸ਼ਨ 4. ਨੱਥ ਨਾਲ ਗੱਗੂ ਦੇ ਨੱਕ ਦਾ ਕੀ ਹਾਲ ਹੋਇਆ ?**

ਉੱਤਰ :- ਨੱਥ ਨਾਲ ਗੱਗੂ ਦਾ ਬਹੁਤ ਬੁਰਾ ਹਾਲ ਹੋਇਆ। ਉਹ ਪੀੜ ਕਰਕੇ ਨਾ ਲੇਖਕ ਨੂੰ ਦੇਖ ਕੇ ਅੜਿੰਗ ਸਕਿਆ ਤੇ ਨਾ ਹੀ ਉਸ ਦਾ ਹੱਥ ਚੱਟ ਸਕਿਆ । ਉਹ ਬੜਾ ਮਾੜਾ ਜਿਹਾ ਹੋਇਆ ਲੱਗਦਾ ਸੀ ।

**ਪ੍ਰਸ਼ਨ 5. ਲੇਖਕ ਦਲੀਪੇ ਕੋਲੋਂ ਗੱਗੂ ਨੂੰ ਕਿਸ ਤਰ੍ਹਾਂ ਲੈ ਆਇਆ ?**

ਉੱਤਰ :- ਜਦੋਂ ਲੇਖਕ ਗੱਗੂ ਦੇ ਕੋਲ ਖੜ੍ਹਾ ਸੀ ਤੇ ਦਲੀਪਾ ਉਸ ਦੇ ਸੋਟੀਆਂ ਮਾਰ ਕੇ ਉਸ ਨੂੰ ਤੋਰਨ ਦੀ ਅਸਫਲ ਕੋਸ਼ਸ਼ ਕਰ ਰਿਹਾ ਸੀ, ਤਾਂ ਲੇਖਕ ਨੇ ਕਿਹਾ ਕਿ ਉਹ ਉਸ ਦੇ ਕਹੇ ਨਹੀਂ ਤੁਰੇਗਾ , ਸਗੋਂ ਉਹ (ਲੇਖਕ) ਦੇ ਕਹੇ ਹੀ ਤੁਰੇਗਾ । ਇਹ ਆਖ ਕੇ ਉਸ ਨੇ ਗੱਗੂ ਦੇ ਕੰਨ ਵਿੱਚ ਉਸ ਨੂੰ ਘਰ ਚੱਲਣ ਲਈ ਕਿਹਾ । ਇਹ ਸੁਣਦਿਆਂ ਹੀ ਉਹ ਰੇਹੜੀ ਸਮੇਤ ਲੇਖਕ ਦੇ ਘਰ ਵਲ ਚਲ ਪਿਆ । ਇਹ ਦੇਖ ਦਲੀਪਾ ਛਾਲ ਮਾਰ ਕੇ ਉੱਤਰ ਗਿਆ ਤੇ ਗੁੱਗੂ ਲੇਖਕ ਨਾਲ ਉਸ ਦੇ ਘਰ ਵਲ ਚਲ ਪਿਆ । ਇਸ ਤਰ੍ਹਾਂ ਲੇਖਕ ਦਲੀਪੇ ਕੋਲੋਂ ਗੱਗੂ ਨੂੰ ਲੈ ਆਇਆ ।

**ਪ੍ਰਸ਼ਨ 6. ਰੇਹੜੀ ਅੱਗੇ ਜੁੜੇ ਗੁੱਗੂ ਦੀ ਹਾਲਤ ਬਿਆਨ ਕਰੋ ?**

ਉੱਤਰ :- ਰੇਹੜੀ ਅੱਗੇ ਜੁੜੇ ਗੁੱਗੂ ਦੀ ਹਾਲਤ ਬਹੁਤ ਤਰਸਯੋਗ ਸੀ । ਦਲੀਪੇ ਨੇ ਗੱਗੂ ਦਾ ਨੱਕ ਪਾੜਿਆ ਹੋਇਆ ਸੀ । ਜਿਸ ਕਾਰਨ ਗੱਗੂ ਲੇਖਕ ਦਾ ਹੱਥ ਚੱਟਣ ਦੀ ਕੋਸ਼ਸ਼ ਕਰਦਾ ਸੀ । ਪਰ ਪੀੜ ਨਾਲ ਉਸ ਦੀ ਜੁਬਾਨ ਬਾਹਰ ਨਹੀਂ ਨਿਕਲ ਸਕੀ। ਫਿਰ ਵੀ ਦਲੀਪੇ ਨੇ ਗੱਗੂ ਨੂੰ ਗੱਡੀ ਅੱਗੇ ਜੋੜ ਕੇ ਰੇਹੜੀ ਉੱਤੇ ਪੱਠੇ ਲੱਦੇ ਹੋਏ ਸਨ । ਗੱਗੂ ਮਸਾਂ ਤੁਰ ਰਿਹਾ ਸੀ । ਦਲੀਪਾ ਗੱਗੂ ਨੂੰ ਤੇਜ਼ ਤੋਰਨ ਲਈ ਜ਼ੋਰ- ਜ਼ੋਰ ਨਾਲ ਸੋਟੀਆਂ ਮਾਰ ਰਿਹਾ ਸੀ । ਜਦੋਂ ਗੱਗੂ ਲੇਖਕ ਦੇ ਨੇੜੇ ਆਇਆ ਤਾਂ ਲੇਖਕ ਨੇ ਦੇਖਿਆ ਕਿ ਗੱਗੂ ਦੇ ਪਿੰਡੇ 'ਤੇ ਸੋਟੀਆਂ ਦੀਆਂ ਬਹੁਤ ਸਾਰੀਆਂ ਲਾਸਾਂ ਉੱਭਰੀਆਂ ਹੋਈਆਂ ਸਨ । ਇਸ ਤਰ੍ਹਾਂ ਗੱਗੂ ਪੀੜ ਨਾਲ ਜ਼ੋਰ - ਜ਼ੋਰ ਨਾਲ ਅੜਿੰਗਦਾ ਪਿਆ ਸੀ ।

**2) ਔਖੇ ਸ਼ਬਦਾਂ ਦੇ ਅਰਥ :-**

**ਮੀਣੀ** :- ਉਹ ਗਾਂ ਜਾਂ ਮੱਝ ਜਿਸ ਦੇ ਸਿੰਗ ਹੇਠਾਂ ਨੂੰ ਮੁੜੇ ਹੋਏ ਹੋਣ ।

**ਪੰਜ ਕਲਿਆਣਾ** :- ਉਹ ਮੱਝ ਜਿਸ ਦੇ ਚਾਰੇ ਖੁਰ ਚਿੱਟੇ ਹੋਣ ਅਤੇ ਮੱਥੇ ਵਿੱਚ ਚਿੱਟਾ ਫੁੱਲ ਹੋਵੇ ।

**ਗਪਲ਼ - ਗਪਲ਼** :- ਗੱਟ- ਗੱਟ ਕਰਕੇ ਪੀ ਜਾਣਾ ।

**ਅੜਿੰਗਦਾ** :- ਉੱਚੀ ਆਵਾਜ਼ ਨਾਲ਼ ਬੋਲਣਾ ।

**ਆੜੀ** :- ਮਿੱਤਰ ।

**3) ਵਾਕਾਂ ਵਿੱਚ ਵਰਤੋਂ :-**

- ਪੈਰਾਂ ਹੇਠ ਅੱਗ ਮਚਾਉਣੀ ( ਕਾਹਲੀ ਪਾ ਦੇਣੀ ) :- ਜੀਤੀ ਨੇ ਨਵਾਂ ਸੂਟ ਲੈਣ ਲਈ ਮਾਂ ਦੇ ਪੈਰਾਂ ਹੇਠ ਅੱਗ ਮਚਾ ਦਿੱਤੀ ।

- ਸਾਂਝ ( ਭਿਆਲੀ ) :- ਮੇਰੀ ਇਸ ਕਾਰਖ਼ਾਨੇ ਵਿੱਚ ਸਾਂਝ ਹੈ ।
- ਮਹਿਸੂਸ ( ਅਨੁਭਵ ) :- ਕੰਡਾ ਚੁੱਭੇਗਾ , ਤਾਂ ਦੁੱਖ ਮਹਿਸੂਸ ਹੋਵੇਗਾ ਹੀ ।
- ਢੁੱਡ ( ਸਿਰ ) :- ਗੱਗੂ ਲੇਖਕ ਨੂੰ ਪੋਲੀਆਂ- ਪੋਲੀਆਂ ਢੁੱਡਾਂ ਮਾਰ ਕੇ ਲਾਡ ਕਰਦਾ ।
- ਆੜੀ ( ਖੇਡ ਦਾ ਸਾਥੀ ) :- ਅਸੀਂ ਸਾਰੇ ਆੜੀ ਖਿੱਦੋ ਖੂੰਡੀ ਖੇਡ ਰਹੇ ਸਾਂ ।
- ਅੱਚਵੀ ਲੱਗਣਾ ( ਬੇਚੈਨੀ ਹੋਣੀ ) :- ਗੱਗੂ ਨੂੰ ਘਰ ਨਾ ਦੇਖ ਕੇ ਲੇਖਕ ਨੂੰ ਇਹ ਜਾਨਣ ਦੀ ਅੱਚਵੀ ਲੱਗ ਗਈ ਕਿ ਉਹ ਕਿੱਥੇ ਹੈ ।
- ਸੂਟ ਵੱਟਣੀ ( ਤੇਜ਼ ਦੌੜਨਾ ) :- ਜਦੋਂ ਇੱਕ ਦਮ ਮੀਂਹ ਸ਼ੁਰੂ ਹੋ ਗਿਆ, ਤਾਂ ਮੈਂ ਸ਼ੂਟ ਵੱਟ ਕੇ ਥੋੜ੍ਹੀ ਦੂਰ ਇੱਕ ਬਰਾਂਡੇ ਵਿੱਚ ਜਾ ਕੇ ਖੜ੍ਹਾ ਹੋ ਗਿਆ ।